
ਅਰਜ਼ੋਈਆਂ
ਅਰਜ਼ਪ੍ਰੀਤ

# ਅਰਜ਼ੋਈਆਂ

ਅਰਜ਼ਪ੍ਰੀਤ ਸਿੰਘ

ARZOIAN

(A book of poetry)

by

Arajpreet Singh

VPO Dappar

Dera Bassi, Mohali

Punjab, 140506

+918557818557

instagram/arzpreet

ISBN 978-81-938800-3-6

© Author

Edition-Second 2019

Published by :

Surjan De Varis Prakashan

V.P.O. Bhunder (Bathinda)

Gurpreet Singh Thind

Mob. 86999-40654

Gagan Harsh

Mob. 94633-32553

E-mail : gurpreethind74@gmail.com

Printed & Bound at:

Printwell Press, Amritsar

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.

# ਤਤਕਰਾ


- ਧੰਦੇ ਵਾਲੀ ਤੇ ਫਕੀਰ
- ਮੈਂ ਵਣ ਮਾਛੀਵਾੜਾ ਬੋਲ ਰਿਹਾ
- ਅੱਬਾ
- ਸਖੀਏ ਸਹੇਲੀਏ ਨੀਂ
- ਚਾਰ  ਮੁਲਾਕਾਤਾਂ / ਚਾਰ  ਹੰਞੂ
- ਅਰਜੋਈ
- ਸਵੇਰ ਨਾਲ ਵਾਰਤਾ
- ਇਸ਼ਕ ਸਿ੍ਹਆਂ
- ਮੈ ਪਰੇਸ਼ਾਨ ਹਾਂ
- ਮਾਏਂ ਨੀ
- ਲੀੜੇ ਗਿੱਲੇ ਨੇ
- ਆਖਰ ਵੇਲਾ
- ਮਹਿਰਮਾਂ
- ਇਸ਼ਕ
- ਮੌਨ
- ਦੇਸ਼ ਦੀ ਲੜਕੀ
- ਰਾਗ ਵੈਰਾਗ
- ਸ਼ਿਵ ਕੁਮਾਰ ਬਟਾਲਵੀ ਲਈ
- ਸੁਨੇਹੜੇ
- ਮਿਹਣੇ
- ਸੱਧਰਾਂ ਖਵਾਹਿਸ਼ਾ
- ਲੇਹਲੜੀਆਂ
- ਮੱਸਿਆ ਦਾ ਚੰਨ
- ਬਿਰਹੜਾ
- ਓਹਦੇ ਦੇਸ਼
- ਸੁਰਮੇ ਦੇ ਦਾਗ
- ਇਸ਼ਕਾਂ ਦੇ ਢੰਗ
- ਇਸ਼ਕ ਹਕੀਕੀ
- ਐਤਬਾਰ
- ਨਬਜ਼
- ਤੂੰ ਹੀ
- ਅਵਤਾਰ ਪਾਸ਼ ਨੂੰ ਸਮਰਪਿਤ
- ਆਖਰੀ ਮਹਿਫਲ
- ਮਸਜਿਦ ‘ਚ ਰਹਿਰਾਸ
- ਦਰਦ ਕਮਾਉਣਾ ਬਾਕੀ ਐ
- ਸ਼ਾਇਰ
- ਦੋਗਲਾਪਨ
- ਮੇਰੀ ਖਮੋਸ਼ੀ
- ਤੋਹਫਾ
- ਤੇਰੀ ਖਾਤਰ
- ਪੇਕੇ ਸਹੁਰੇ
- ਆਸਿਫਾ ਲਈ
- ਕੰਡਿਆ ਵਾਲੇ ਕੈਕਟਸ
- ਤੇਰਾ ਸਾਥ
- ਦਿਲ ਨੂੰ ਲਾਵਣ ਰੋਗ ਅਵੱਲੇ
- ਮਾਂ ਮੈਂ ਐਦਾਂ ਨ੍ਹਈਓਂ ਮਰਨਾਂ
- ਪੰਜਆਬ
- ਛੇਵਾਂ ਦਰਿਆ
- ਨੀਲੇ ਬਾਣੇ
- ਇਨਸਾਨੀਅਤ
- ਖਰਾਬ ਨਸਲਾਂ
- ਜ਼ਹਿਰ
- ਪਹਿਲੀ ਨਜ਼ਰ ਚ ਪਿਆਰ।
- ਉਹ ਸ਼ਬਦ ਸੀ “ਮਾਂ“
- ਮੈਂ ਆਖਦਾ ਹਾਂ
- ਹਾਦਸਾ
- ਲਘੂ ਕਹਾਣੀ - ਬਾਬਾ ਨਾਜ਼ਰ
- ਕੁਦਰਤ
- ਪੁੰਗਰਦੀ ਕਵਿਤਾ
- ਕਵਿਤਾ ਦਾ ਕਾਤਿਲ।
- ਇਕ ਸ਼ਾਇਰ
- ਮੁਹੱਬਤ ਦੀ ਪਰਿਭਾਸ਼ਾ
- ਇੱਕ ਗੱਲ
- ਵਾਹ ਓਏ ਸੱਜਣਾਂ

- ਰੱਬੀ ਰਿਸ਼ਤਾ
- ਮੈਂ ਦਿਲ ਤੋਂ ਮੁੱਹਬਤ ਨਹੀਂ ਕਰਦਾ
- ਕੁਦਰਤੀ ਫਲਸਫੇ
- ਇਕ ਹੋ ਜਾਈਏ
- ਆਖਰੀ ਖਤ

ੴ

## "ਆਦਿ ਸਚੁ ਜੁਗਾਦਿ ਸਚੁ"

ਪਹਿਲਾ ਰਾਬਤਾ 'ਅਰਜ਼ਪ੍ਰੀਤ'ਨਾਲ ਫੋਨ ਦੁਆਰਾ ਹੋਇਆ ਸੀ। ਫੋਨ ਉੱਤੇ ਆਪਣੀ ਪਹਿਚਾਣ ਦੇ ਕੇ ਜਦੋਂ ਅਰਜ਼ ਨੇ ਗੁਫ਼ਤਗੂ ਸ਼ੁਰੂ ਕੀਤੀ ਤਾਂ ਇਸ ਤਰ੍ਹਾਂ ਲੱਗਿਆ ਕਿ ਕੋਈ ਬਹੁਤ ਆਗਿਆਕਾਰੀ ਬੱਚਾ ਪ੍ਰੋੜ ਉਮਰ ਦੇ ਵਿਆਕਤੀ ਤੋਂ ਗਿਆਨ ਲੈ ਰਿਹਾ ਹੋਵੇ।

ਉਸਤੋਂ ਬਾਅਦ ਪਹਿਲੀ ਮੁਲਾਕਾਤ ਸਾਡੀ ਪ੍ਰੈੱਸ ਕਲੱਬ ਚੰਗੀਗੜ੍ਹ ਵਿਖੇ ਇੱਕ ਸਮਾਗਮ ਦੌਰਾਨ ਹੋਈ। ਸਾਦੇ ਜਿਹੇ ਕੱਪੜਿਆਂ ਵਿੱਚ ਸਾਦਾ ਜਿਹਾ ਚਿਹਰਾ ਸਾਡਾ ਸਵਾਗਤ ਕਰਨ ਲਈ ਸਭ ਤੋਂ ਅੱਗੇ ਆ ਗਿਆ। ਉਸ ਵਕਤ ਅਰਜ਼ ਹਾਣ ਦਾ ਹੋ ਕੇ ਮਿਲਿਆ। ਚੜਦੀ ਜਵਾਨੀ ਦੀ ਪੂਰੀ ਰੂਪ ਰੇਖਾ ਉਸ ਦੇ ਚਿਹਰੇ 'ਤੇ ਉੱਕਰੀ ਹੋਈ ਸੀ। ਜਦੋਂ ਕੁਝ ਵਕਤ ਅਰਜ਼ਪ੍ਰੀਤ ਨਾਲ ਇਕੱਲਿਆਂ ਮੁਹੱਬਤ ਭਰੀਆਂ ਗੱਲਾਂ ਕਰਦਿਆਂ ਬਿਤਾਇਆ ਤਾਂ ਉਹ ਬਜ਼ੁਰਗਾਂ ਵਾਂਗ ਜ਼ਿੰਦਗੀ ਦਿਆਂ ਕਿੰਨਿਆਂ ਹੀ ਤਜ਼ੁਰਬਿਆਂ ਨੂੰ ਨਾਲ ਲੈ ਕੇ ਚਲਦਾ ਪ੍ਰਤੀਤ ਹੋਇਆ।

ਇਹ ਬਹੁਤ ਘੱਟ ਵਿਆਕਤੀਆਂ ਵਿਚੋਂ ਹੁੰਦਾ ਹੈ ਕਿ ਤੁਸੀਂ ਉਮਰ ਦਿਆਂ ਤਿੰਨ ਪੜਾਵਾਂ ਨੂੰ ਇੱਕੋਂ ਸਮੇਂ ਵੇਖ ਸਕੋਂ। ਅਰਜ਼ ਉਸੇ ਸ੍ਰੇਣੀ ਦਾ ਵਿਆਕਤੀ ਹੈ। ਸ਼ਾਇਦ ਏਹੀ ਇੱਕੋ ਉੱਤਮ ਸ਼ਾਇਰ ਦੀ ਪਹਿਚਾਣ ਹੈ। ਮੈਨੂੰ ਮਹਿਸੂਸ ਹੁੰਦਾ ਹੈ ਕਿ ਅਰਜ਼ ਜਿਸ ਤਰ੍ਹਾਂ ਆਪਣੇ ਅੰਦਰੋਂ ਹੈ ਤੇ ਉਸੇ ਤਰ੍ਹਾਂ ਹੀ ਦਿੱਖ ਲੈ ਕੇ ਉਹ ਬਾਹਰੀ ਦੁਨੀਆਂ ਵਿੱਚ ਵਿਚਰਦਾ ਹੈ। ਕੁਝ ਇਨਸਾਨਾਂ ਨੂੰ ਮਖੋਟਿਆਂ ਦੀ ਜ਼ਰੂਰਤ ਨਹੀਂ ਹੁੰਦੀ। ਤੁਸੀਂ ਅਰਜ਼ ਦਾ ਚਿਹਰਾ ਪੜ੍ਹ ਲਵੋ ਉਹੀ ਉਸਦੀਆਂ ਕਿਤਾਬਾਂ 'ਚੋਂ ਮਿਲੇਗਾ ਜਾਂ ਉਸਦੀਆਂ ਕਵਿਤਾਵਾਂ ਪੜ੍ਹ ਲਵੋ ਤੇ ਇੱਕ ਤਸ਼ੱਵੁਰ ਕਰੋ ਤੇ ਸਾਹਮਣੇ ਆਇਆ ਚਿਹਰਾ ਇੰਨ੍ਹ ਬਿੰਨ੍ਹ ਅਰਜ਼ਪ੍ਰੀਤ ਦਾ ਹੋਵੇਗਾ

ਉਹ ਆਪਣੀਆਂ ਕਵਿਤਾਵਾਂ ਦੀ ਸ਼ੁਰੂਆਤ ਵਿੱਚੋਂ ਹੀ ਇੱਕ ਗੱਲ ਲਿਖਦਾ ਹੈ :-

ਲੈ ਅਰਜੋਈ ਦਰ 'ਤੇ ਇੱਕ ਲੜਕੀ ਆਈ

ਬੂਹਾ ਜਦ ਨਾ ਖੋਲ੍ਹਿਆ ਖਿੜਕੀ ਖੜਕਾਈ ॥

ਇਹਨਾਂ ਦੋ ਸਤਰ੍ਹਾਂ ਵਿੱਚੋਂ ਹੀ ਉਹ ਆਪਣੀ ਕਵੀ ਜ਼ਿੰਦਗੀ ਦੇ ਆਗਮਨ ਦੀ ਵਿਸ਼ਾਲਤਾ ਨੂੰ ਸਮੇਟ ਦਿੰਦਾ ਹੈ। ਉਸਦੀਆਂ ਇਹ ਦੋ ਸਤਰ੍ਹਾਂ ਇਸ ਗੱਲ ਦੀਆਂ ਬਾਖੂਬੀ ਵੀ ਹੋ ਜਾਂਦੀਆਂ ਨੇ ਕਿ ਸਮੁਚੇ ਸਾਹਿਤ ਦੀ ਸ਼ੁਰੂਆਤ ਹੀ ਪ੍ਰੇਮ ਤੋਂ ਹੁੰਦੀ ਹੈ। ਉਸਦੀ ਦਸਤਕ ਕਿਸੇ ਨਾ ਕਿਸੇ ਰੂਪ ਵਿਚੋਂ ਕਿਸੇ ਨਾ ਕਿਸੇ ਦਿਸ਼ਾ 'ਚੋਂ ਆਪੇ ਹੀ ਹੋ ਜਾਂਦੀ ਹੈ। ਅਰਜ਼ਪ੍ਰੀਤ ਮੁਹੱਬਤ ਦੇ ਇਸ ਰੰਗ ਵਿੱਚ ਆਪਣੇ ਆਪ ਨੂੰ ਰੰਗ ਕੇ ਵੀ ਕਿਸੇ ਰੰਗ ਵਿੱਚੋਂ ਨਹੀਂ ਢਲਦਾ ਉਹ ਆਪਣੀ ਪਹਿਚਾਣ ਖੁਦ ਹੁੰਦਾ ਹੋਇਆ ਇਹਨਾਂ ਸਤਰ੍ਹਾਂ ਨੂੰ ਜਨਮ ਦਿੰਦਾ ਹੈ :

ਨਾ ਸ਼ਿਵ ਹੋਇਆ

ਨਾ ਪਾਸ਼ ਕੋਈ

ਨਾ ਸੁਰਜੀਤ ਰਿਹਾ

ਨਾ ਪਾਤਰ ਹੋਇਆ

ਜੋ ਵੀ ਹੋਇਆ

ਤੇਰੀ ਖ਼ਾਤਰ ਹੋਇਆ।

ਅਰਜ਼ਪ੍ਰੀਤ ਦੀ ਮੁਹੱਬਤ ਇੱਕ ਦਿਸ਼ਾ ਵੱਲ ਦੀ ਨਹੀਂ ਹੈ। ਉਹ ਆਪਣੀਆਂ ਕਵਿਤਾਵਾਂ ਵਿੱਚੋਂ ਸਮੁਚੱਤਾ ਦੀ ਗੱਲ ਕਰਦਾ ਹੈ। ਗੁਰਦਾਸਪੁਰ ਜ਼ਿਲ੍ਹੇ ਦਾ ਜੰਮਿਆਂ ਇਹ ਸ਼ਾਇਰ ਬੇਸ਼ੱਕ ਸ਼ਿਵ ਕੁਮਾਰ ਨੂੰ ਪੜ੍ਹਦਾ ਪੜ੍ਹਦਾ ਲਿਖਣ ਲੱਗਿਐ ਪਰ ਉਸਦੇ ਚਿੰਤਨ ਦਾ ਹਿੱਸਾ ਇਹ ਗੱਲ ਵੀ ਰਹਿੰਦੀ ਹੈ ਕਿ ਉਹ ਪਾਸ਼ ਵਾਂਗ ਗੱਲਾਂ ਤੋਂ ਵਿਦਰੋਹੀ ਕਿਉਂ ਨਹੀਂ ਅਤੇ ਇਸੇ ਗੱਲ ਦਾ ਚਿੰਤਨ ਕਰਦਾ ਹੋਇਆ ਉਹ ਆਪਣੇ-ਆਪ ਨੂੰ ਉਸ ਦਿਸ਼ਾ ਵੱਲ ਵੀ ਮੋੜਦਾ ਹੈ। :-

ਮੈਂ ਸ਼ਿਵ ਦੇ ਲਿਖੇ ਬਸ ਗੀਤ ਗਾ ਰਿਹਾਂ